# ਕੇ-12 ਸਰਕਾਰੀ ਸਿੱਖਿਆ:
# ਸਾਰਿਆਂ ਦੇ ਹੱਕ ਦੀ ਰਾਖੀ ਕਰਦਿਆਂ

ਏਸ਼ੀਅਨ ਅਮਰੀਕਨਜ਼ ਐਡਵਾਂਸਿੰਗ ਜਸਟਿਸ (ਏਏਜੇਸੀ) ਵਿਖੇ ਅਸੀਂ ਦੇਸ਼ ਦੇ ਵੱਖ-ਵੱਖ ਏਸ਼ੀਆਈ ਅਮਰੀਕੀ ਭਾਈਚਾਰਿਆਂ ਵਾਸਤੇ ਸਿੱਖਿਆ ਦੀ ਬਰਾਬਰੀ ਅਤੇ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਨਾਗਰਿਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਕਾਰਜ ਕਰਦੇ ਹਾਂ। ਏਸ਼ੀਅਨ ਅਮਰੀਕਨਜ਼ ਐਡਵਾਂਸਿੰਗ ਜਸਟਿਸ (ਏਏਜੇਸੀ) ਵਿਖੇ ਅਸੀਂ ਦੇਸ਼ ਦੇ ਵੱਖ-ਵੱਖ ਏਸ਼ੀਆਈ ਅਮਰੀਕੀ ਭਾਈਚਾਰਿਆਂ ਵਾਸਤੇ ਸਿੱਖਿਆ ਦੀ ਬਰਾਬਰੀ ਅਤੇ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਨਾਗਰਿਕ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਕਾਰਜ ਕਰਦੇ ਹਾਂ।

**ਹਾਲ ਦੇ ਦਿਨਾਂ ਵਿੱਚ ਉਨ੍ਹਾਂ ਬੱਚਿਆਂ ਦੇ ਕੇ-12 ਸਰਕਾਰੀ ਸਿੱਖਿਆ ਦੇ ਹੱਕ ਨੂੰ ਨਵਾਂ ਖ਼ਤਰਾ ਪੈਦਾ ਹੋ ਗਿਆ ਹੈ ਜਿਨ੍ਹਾਂ ਦੇ ਕੋਲ ਨਾਗਰਿਕਤਾ ਦੇ ਦਸਤਾਵੇਜ਼ ਨਹੀਂ ਹਨ। ਇਸ ਨਾਲ ਸਿੱਧੇ ਤੌਰ 'ਤੇ 181, 200 ਏਸ਼ੀਆਈ ਅਮਰੀਕੀ, ਸਥਾਨਕ ਹਵਾਈ ਮੂਲ ਅਤੇ ਪੈਸੇਫ਼ਿਕ ਆਇਲੈਂਡਰ (ਏਏਐਨਐਚਪੀਆਈ) ਭਾਈਚਾਰਿਆਂ ਨਾਲ ਸੰਬੰਧਤ ਵਿਦਿਆਰਥੀਆਂ 'ਤੇ ਪ੍ਰਭਾਵ ਪਵੇਗਾ।**[1]

ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਤੁਹਾਨੂੰ ਇਸ ਬਾਰੇ ਕੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਕਿਵੇਂ ਤੁਸੀਂ ਸਾਰੇ ਬੱਚਿਆਂ ਦੇ ਸਰਕਾਰੀ ਸਿੱਖਿਆ ਹਾਸਲ ਕਰਨ ਦੇ ਹੱਕਾਂ ਦੀ ਰਾਖੀ ਕਰ ਸਕਦੇ ਹੋ।

## ਜਿਨ੍ਹਾਂ ਕੋਲ ਨਾਗਰਿਕਤਾਂ ਦਸਤਾਵੇਜ਼ ਨਹੀਂ ਹਨ, ਪ੍ਰਵਾਸੀ-ਵਿਰੋਧੀ ਸਿਆਸਤਦਾਨ ਉਨ੍ਹਾਂ ਬੱਚਿਆਂ ਦੀ ਸਰਕਾਰੀ ਸਿੱਖਿਆ ਹਾਸਲ ਕਰਨ ਦੇ ਹੱਕ ਨੂੰ ਨਿਸ਼ਾਨਾ ਬਣਾ ਰਹੇ ਹਨ।

ਅਮਰੀਕਾ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਕੁੱਲ੍ਹ ਬੱਚਿਆਂ ਵਿੱਚੋਂ ਸਿਰਫ਼ (ਏਏਐਨਐਚਪੀਆਈ ਬੱਚਿਆਂ ਸਮੇਤ) 1% ਬੱਚੇ ਹਨ ਜਿਨ੍ਹਾਂ ਕੋਲ ਨਾਗਰਿਕਤਾ ਦਸਤਾਵੇਜ਼ ਨਹੀਂ ਹਨ। ਇਸ ਦੇ ਬਾਵਜੂਦ ਫੈਡਰਲ ਅਤੇ ਸੂਬਾ ਪੱਧਰ ਦੇ ਸਿਆਸਤਦਾਨ ਕਈ ਢੰਗ-ਤਰੀਕਿਆਂ ਨਾਲ ਵਿਦਿਆਰਥੀਆਂ ਦੇ ਸਿੱਖਿਆ ਹਾਸਲ ਕਰਨ ਦੇ ਹੱਕ ਉੱਤੇ ਹਮਲਾ ਕਰ ਰਹੇ ਹਨ।

### ਹੱਕ ਉੱਤੇ ਸਿੱਧਾ ਪ੍ਰਭਾਵ: ਟੈਕਸਾਸ ਹਾਊਸ ਬਿੱਲ 371[2]

- ਟੈਕਸਾਸ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਬਿੱਲ ਪਰਿਵਾਰਾਂ ਵਾਸਤੇ ਵਿਦਿਆਰਥੀ ਦੇ ਅਮਰੀਕੀ ਨਾਗਰਿਕਤਾ ਜਾਂ ਕਾਨੂੰਨੀ ਇਮੀਗ੍ਰੇਸ਼ਨ ਸਟੇਟਸ ਦਾ ਸਬੂਤ ਦੇਣਾ ਲਾਜ਼ਮੀ ਬਣਾ ਦੇਵੇਗਾ। ਇਹ ਬਿੱਲ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਦੀ ਪ੍ਰਕਿਰਿਆ ਸੰਬੰਧੀ ਦੇਸ਼ ਦੇ ਮੌਜੂਦਾ ਦਿਸ਼ਾ-ਨਿਰਦੇਸ਼ਾ ਦੇ ਵਿਰੋਧ ਵਿੱਚ ਜਾਵੇਗਾ ਅਤੇ ਪਲਾਈਲਰ ਬਨਾਮ ਡੋਅ ਕੇਸ ਰਾਹੀਂ ਸਥਾਪਿਤ ਹੋਏ ਵਿਦਿਆਰਥੀਆਂ ਦੇ ਸੰਵਿਧਾਨਕ ਹੱਕ ਖੋਹ ਲਵੇਗਾ।
- ਸਰਕਾਰ ਬਿਨਾਂ ਨਾਗਰਿਕ ਦਸਤਾਵੇਜ਼ ਵਾਲੇ ਬੱਚਿਆਂ ਦੀ ਸਿੱਖਿਆ ਦਾ ਖ਼ਰਚਾ ਨਹੀਂ ਚੁੱਕੇਗੀ। ਜੇ ਬਿਨਾਂ ਨਾਗਰਿਕ ਦਸਤਾਵੇਜ਼ਾਂ ਵਾਲਾ ਬੱਚਾ ਦਾਖ਼ਲਾ ਲੈਂਦਾ ਹੈ ਤਾਂ ਸਕੂਲ ਨੂੰ ਕੌਮੀ ਸਰਕਾਰ ਕੋਲੋਂ ਉਸ ਦੀ ਪੜ੍ਹਾਈ ਦਾ ਖ਼ਰਚਾ ਹਾਸਲ ਕਰਨ ਲਈ ਉਸ ਵਿਦਿਆਰਥੀ ਦੀ ਜਾਣਕਾਰੀ ਡੇਟਾਬੇਸ ਵਿੱਚ ਪਾਉਣੀ ਪਵੇਗੀ। ਇਸ ਜਾਣਕਾਰੀ ਨੂੰ ਸਾਂਭਣ ਅਤੇ ਵੰਡਣ ਨਾਲ ਫੈਮਲੀ ਐਜੂਕੇਸ਼ਨ ਰਾਈਟਸ ਐਂਡ ਪ੍ਰਾਇਵੇਸੀ ਐਕਟ (ਐਫ਼ਈਆਰਪੀਏ) ਦੀ ਉਲੰਘਣਾ ਹੋਣ ਦਾ ਖ਼ਤਰਾ ਹੈ।[3]
- ਇਮੀਗ੍ਰੇਸ਼ਨ ਸਟੇਟਸ ਸੰਬੰਧੀ ਦਸਤਾਵੇਜ਼ਾਂ ਨੂੰ ਲਾਜ਼ਮੀ ਕਰ ਦੇਣਾ ਸੁੰਨ ਕਰ ਦੇਣ ਵਾਲਾ ਅਸਰ ਪੈਦਾ ਕਰੇਗਾ ਕਿਉਂਕਿ ਡਰ ਦੇ ਮਾਰੇ ਪ੍ਰਵਾਸੀ ਪਰਿਵਾਰ ਆਪਣੇ ਬੱਚਿਆਂ ਦਾ ਦਾਖ਼ਲਾ ਕਰਵਾਉਣ ਤੋਂ ਗੁਰੇਜ਼ ਕਰ ਸਕਦੇ ਹਨ। ਇਸ ਦੇ ਨਾਲ ਹੀ, ਬੱਚੇ ਦਾ ਰਿਹਾਇਸ਼ੀ ਦਰਜਾ ਤੈਅ ਕਰਨ ਵਾਸਤੇ ਇਹ ਸ਼ਰਤ ਵਿਤਕਰੇ ਵਾਲੇ ਵਤੀਰੇ ਦਾ ਕਾਰਨ ਬਣ ਸਕਦੀ ਹੈ।

1 "At least 600,000 K-12 undocumented students need a pathway to citizenship," FWD.us. August 19, 2021. https://www.fwd.us/news/k-12-undocumented-students/#methodology
2 House Bill 371, Texas Legislature. https://capitol.texas.gov/BillLookup/History.aspx?LegSess=89R&Bill=HB371
3 "Dear Colleague Letter: School Enrollment Procedures," U.S. Department of Education and Department of Justice. May 8, 2014. https://www.justice.gov/sites/default/files/crt/legacy/2014/05/08/plylerletter.pdf

ASIAN AMERICANS ADVANCING JUSTICE AAJC

*Last revised 5/19/25*

### ਅਸਿੱਧਾ ਪ੍ਰਭਾਵ: ਹਾਊਸ ਰੈਜ਼ੋਲਿਊਸ਼ਨ 10034 (ਦੇਸ਼-ਪੱਧਰ ਦਾ ਕਾਨੂੰਨ)[4]

ਪਿਛਲੀ ਕਾਂਗਰਸ (ਸੰਸਦ) ਵੱਲੋਂ ਲਿਆਂਦੇ ਗਏ ਬਿੱਲ ਐਚਆਰ 10034 ਵਿੱਚ ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਬੱਚਿਆਂ ਉੱਤੇ ਹੋਣ ਵਾਲੇ ਖ਼ਰਚੇ ਦੀ ਜਾਣਕਾਰੀ ਦੇਣ ਸੰਬੰਧੀ ਸਤਰਾਂ ਜੋੜੀਆਂ ਗਈਆਂ ਹਨ। ਭਾਵੇਂ ਇਹ ਸਿੱਧੇ ਤੌਰ 'ਤੇ ਸਿੱਖਿਆ ਦੀ ਪਹੁੰਚ ਨੂੰ ਪ੍ਰਭਾਵਿਤ ਨਹੀਂ ਕਰਦਾ ਪਰ ਜਿਹੜੇ ਬਿੱਲ ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਬੱਚਿਆਂ ਨੂੰ ਸਿੱਖਿਆ ਦੇਣ ਉੱਤੇ ਹੋਣ ਵਾਲੇ ਵਿੱਤੀ ਖ਼ਰਚੇ ਉੱਤੇ ਜ਼ੋਰ ਦਿੰਦੇ ਹਨ, ਉਹ ਜਨਤਾ ਨੂੰ ਇਹ ਸੁਨੇਹਾ ਭੇਜਦੇ ਹਨ ਕਿ ਪ੍ਰਵਾਸੀ ਸਾਡੀ ਅਰਥਚਾਰੇ ਉੱਤੇ ਬੋਝ ਹਨ ਅਤੇ ਬਾਕੀਆਂ ਵਰਗੇ ਵਸੀਲੇ ਅਤੇ ਮੌਕੇ ਉਨ੍ਹਾਂ ਨੂੰ ਨਹੀਂ ਮਿਲਣੇ ਚਾਹੀਦੇ। ਭਾਵੇਂ ਬੱਚੇ ਦੀ ਨਾਗਰਿਕਤਾ ਦੇ ਅਸਲ ਸਟੇਟਸ ਕੁਝ ਵੀ ਹੋਵੇ ਇਹ ਗੱਲ ਸਾਧਾਰਨ ਰੂਪ ਵਿੱਚ ਪ੍ਰਵਾਸੀ-ਵਿਰੋਧੀ ਭਾਵਨਾ ਦੀ ਵਜ੍ਹਾ ਪੈਦਾ ਕਰਦੀ ਹੈ।

## ਇਹ ਜ਼ਰੂਰੀ ਕਿਉਂ ਹੈ

**ਭਾਵੇਂ ਇਮੀਗ੍ਰੇਸ਼ਨ ਦਾ ਸਟੇਟਸ ਕੋਈ ਵੀ ਹੋਵੇ, ਪਿਛਲੇ 100 ਸਾਲਾਂ ਤੋਂ ਸਾਰੇ ਬੱਚੇ ਸਰਕਾਰੀ ਸਕੂਲ ਜਾ ਰਹੇ ਹਨ।**

ਇਮੀਗ੍ਰੇਸ਼ਨ ਸਟੇਟਸ ਕੁਝ ਵੀ ਹੋਵੇ ਪਹਿਲਾਂ ਤੋਂ ਸਥਾਪਿਤ ਹੋ ਚੁੱਕਾ ਕਾਨੂੰਨ ਸਰਕਾਰੀ ਸਿੱਖਿਆ ਹਾਸਲ ਕਰਨ ਦੇ ਸਾਰੇ ਬੱਚਿਆਂ ਦੇ ਹੱਕ ਦੀ ਰਾਖੀ ਕਰਦਾ ਹੈ।[5]

**ਸਰਕਾਰੀ ਸਿੱਖਿਆ ਸਭ ਲਈ ਲਾਹੇਵੰਦ ਹੈ**

ਇਹ ਸਿਰਫ਼ ਬੱਚਿਆਂ ਲਈ ਹੀ ਨਹੀਂ, ਉਨ੍ਹਾਂ ਦੇ ਪਰਿਵਾਰਾਂ, ਭਾਈਚਾਰਿਆਂ ਅਤੇ ਸਮੁੱਚੇ ਰੂਪ ਵਿੱਚ ਅਮਰੀਕਾ ਲਈ ਲਾਹੇਵੰਦ ਹੈ। ਸਰਕਾਰੀ ਸਿੱਖਿਆ ਬੱਚਿਆਂ ਨੂੰ ਸਮਾਜ ਦੇ ਸੰਪੂਰਨ ਨਾਗਰਿਕ ਵੱਜੋਂ ਬੌਧਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਯੋਗਦਾਨ ਦੇਣ ਲਈ ਤਿਆਰ ਕਰਦੀ ਹੈ।[6]

**ਸਰਕਾਰੀ ਸਿੱਖਿਆ ਤੋਂ ਵਾਂਝੇ ਕਰਨ ਨਾਲ ਏਏਐਨਐਚਪੀਆਈ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਤਰੱਕੀ ਕਰਨ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ**

ਸਪੈਨਿਸ਼ ਤੋਂ ਇਲਾਵਾ ਅੰਗਰੇਜ਼ੀ ਸਿੱਖਣ ਵਾਲਿਆਂ ਵੱਲੋਂ ਸਭ ਤੋਂ ਜ਼ਿਆਦਾ ਏਏਐਨਐਚਪੀਆਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਸਰਕਾਰੀ ਸਿੱਖਿਆ ਉਹ ਮੁੱਢਲਾ ਜ਼ਰੀਆ ਹੈ ਜਿਸ ਰਾਹੀਂ ਅੰਗਰੇਜ਼ੀ ਸਿੱਖਣ ਵਾਲੇ ਅੰਗਰੇਜ਼ੀ ਸਿੱਖਣ ਲਈ ਸਹਾਇਤਾ ਹਾਸਲ ਕਰਦੇ ਹਨ। ਹੋਰ ਤਾਂ ਹੋਰ, ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਦੀ ਕੁੱਲ ਆਬਾਦੀ ਵਿੱਚੋਂ ਅਪੰਗਤਾ ਅਤੇ ਸਿੱਖਿਆ ਵਿੱਚ ਫ਼ਰਕ ਵਾਸਤੇ ਸੇਵਾਵਾਂ ਲੈਣ ਵਾਲਿਆਂ ਵਿੱਚ 20% ਗਿਣਤੀ ਏਏਐਨਐਚਪੀਆਈ ਬੱਚਿਆਂ ਦੀ ਹੈ ਅਤੇ ਇਸ ਤਰ੍ਹਾਂ ਦੀਆਂ ਜ਼ਿਆਦਾਤਰ ਸੇਵਾਵਾਂ ਸਰਕਾਰੀ ਸਕੂਲਾਂ ਦੇ ਢਾਂਚੇ ਤੋਂ ਬਾਹਰ ਹਾਸਲ ਨਹੀਂ ਹੁੰਦੀਆਂ।[7]

**ਸਰਕਾਰੀ ਸਿੱਖਿਆ ਹਾਸਲ ਕਰਨ ਨੂੰ ਪੈਦਾ ਹੋਇਆ ਖ਼ਤਰਾ**

ਭਾਵੇਂ ਕੋਵਿਡ-19 ਵੇਲੇ ਭਾਸ਼ਣਾਂ ਰਾਹੀਂ ਚੀਨੀ ਭਾਈਚਾਰੇ, ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ, ਜਾਤ-ਨਸਲ ਭਾਵੇਂ ਕੋਈ ਵੀ ਹੋਵੇ ਇਸ ਨਾਲ ਸਮੁੱਚੇ ਏਏਐਨਐਚਪੀਆਈ ਸਮਾਜ ਨੂੰ ਠੇਸ ਪਹੁੰਚੀ। ਬਿੱਲ ਰਾਹੀਂ ਜੋ ਸ਼ੁਰੂਆਤ ਟੈਕਸਾਸ ਵਿੱਚ ਕੀਤੀ ਗਈ ਹੈ, ਉਸ ਨੂੰ ਪੂਰੇ ਦੇਸ਼ ਵਿੱਚ ਲਿਆਇਆ ਜਾ ਸਕਦਾ ਹੈ। ਜੇ ਇਸ ਕਿਸਮ ਦਾ ਕਾਨੂੰਨ ਪਾਸ ਨਾ ਵੀ ਹੋਵੇ, ਸਿਰਫ਼ ਪ੍ਰਵਾਸੀ-ਵਿਰੋਧੀ ਕਾਨੂੰਨ ਪੇਸ਼ ਕਰਨ ਨਾਲ ਹੀ ਜਨਤਾ ਨੂੰ ਸੁਨੇਹਾ ਜਾਂਦਾ ਹੈ ਕਿ ਪ੍ਰਵਾਸੀਆਂ ਨੂੰ ਸਫ਼ਲਤਾ ਹਾਸਲ ਕਰਨ ਵਾਲੇ ਬਰਾਬਰ ਮੌਕੇ ਹਾਸਲ ਨਹੀਂ ਹੋਣੇ ਚਾਹੀਦੇ। ਇਸ ਨਾਲ ਏਏਐਨਐਚਪੀਆਈ ਸਮੇਤ ਪ੍ਰਵਾਸੀ-ਵਿਰੋਧੀ ਭਾਵਨਾਵਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।

4 *H.R.10034 - 118th Congress (2023-2024): Border Security and Immigration Reform Act* | Congress.gov | Library of Congress. https://www.congress.gov/bill/118th-congress/house-bill/10034
5 "Public Education for Immigrant Students: Understanding Plyler v. Doe," American Immigration Council, October 24 2016, https://www.americanimmigrationcouncil.org/research/plyler-v-doe-public-education-immigrant-students.
6 *A Dozen Economic Facts About K-12 Education*, Brookings Institute. September 27, 2012. https://www.brookings.edu/articles/a-dozen-economic-facts-about-k-12-education/
7 *Public School Enrollment,* National Center for Education Statistics. https://nces.ed.gov/programs/coe/indicator/cga/public-school-enrollment.

# ਤੁਸੀਂ ਇਸ ਸੰਬੰਧੀ ਕੀ ਕਰ ਸਕਦੇ ਹੋ

**ਏਏਐਨਐਚਪੀਆਈ ਸਮਰਥਕਾਂ ਅਤੇ ਭਾਈਚਾਰੇ ਵਾਲਿਆਂ ਨੂੰ ਹੋਰ ਭਾਈਚਾਰਿਆਂ ਨਾਲ ਮਿਲ ਕੇ ਹਰ ਬੱਚੇ ਦੇ ਸਰਕਾਰੀ ਸਿੱਖਿਆ ਹਾਸਲ ਕਰਨ ਦੇ ਹੱਕਾਂ ਦੀ ਰਾਖੀ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ।**
ਸਰਕਾਰੀ ਸਿੱਖਿਆ ਹਾਸਲ ਕਰਨ ਦੇ ਖ਼ਤਰੇ ਵਿੱਚ ਪੈਣ ਦਾ ਪ੍ਰਭਾਵ ਸਾਡੇ ਸਾਰਿਆਂ ਉੱਤੇ ਪੈਂਦਾ ਹੈ। ਸਕੂਲਾਂ ਨੂੰ ਸੁਰੱਖਿਅਤ, ਸਹਿਯੋਗੀ ਅਤੇ ਪਹੁੰਚਯੋਗ ਬਣਾਉਣ ਲਈ ਦੂਜੇ ਹਾਸ਼ੀਆਗਤ ਭਾਈਚਾਰਿਆਂ ਨਾਲ ਸਾਂਝ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਸਮਰਥਕ ਅਤੇ ਭਾਈਚਾਰੇ ਵਾਲੇ ਹੇਠ ਲਿਖੇ ਕਦਮ ਚੁੱਕ ਸਕਦੇ ਹਨ:

- ਸਾਡੇ **ਕਾਨੂੰਨ ਉੱਤੇ ਨਜ਼ਰ ਰੱਖਣ ਵਾਲੇ ਸੰਦ** ਰਾਹੀਂ ਆਪਣੇ ਸੂਬੇ ਅਤੇ ਕੌਮੀ ਪੱਧਰ 'ਤੇ ਅੰਦਰ ਨੀਤੀਆਂ ਵਿੱਚ ਤਬਦੀਲੀ ਉੱਤੇ **ਨਿਗਰਾਨੀ ਰੱਖੋ** ਜਿਨ੍ਹਾਂ ਵਿੱਚ ਕੇ-12 ਸਿੱਖਿਆ ਦੇ ਹੱਕ ਨੂੰ ਪ੍ਰਭਾਵਿਤ ਕਰਨ ਵਾਲੇ ਬਿੱਲ ਵੀ ਸ਼ਾਮਲ ਹਨ।
- ਸਰਕਾਰੀ ਸਿੱਖਿਆ ਦੇ ਸਮਰਥਨ ਵਿੱਚ ਚੱਲ ਰਹੀਆਂ ਮੁਹਿੰਮਾਂ ਵਿੱਚ ਸ਼ਾਮਲ ਹੋਣ ਲਈ ਆਪਣੇ ਭਾਈਚਾਰੇ ਨੂੰ **ਸੱਦਾ ਦਿਉ।**
- ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਅਧਿਆਪਕਾਂ ਨਾਲ **ਸੰਵਾਦ ਕਰੋ।**
- ਸਰਕਾਰੀ ਸਿੱਖਿਆ ਹਾਸਲ ਕਰਨ ਦੇ ਹੱਕ ਦੀ ਰਾਖੀ ਲਈ ਸਕੂਲ ਬੋਰਡ ਮੈਂਬਰਾਂ ਨੂੰ **ਮਤਾ ਪਾਸ** ਕਰਨ ਲਈ **ਉਤਸ਼ਾਹਿਤ ਕਰੋ।**
- ਸਾਰੇ ਬੱਚਿਆਂ ਦੇ ਸਰਕਾਰੀ ਸਿੱਖਿਆ ਹਾਸਲ ਕਰਨ ਦੇ ਹੱਕ ਦੀ ਰਾਖੀ ਕਰਨ ਦੇ ਮਹੱਤਵ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਚੁਣੇ ਹੋਏ **ਸਿਆਸੀ ਅਹੁਦੇਦਾਰਾਂ** ਨਾਲ **ਸੰਪਰਕ ਕਰੋ**

# ਵਧੇਰੇ ਜਾਣਕਾਰੀ ਲਈ ਸਰੋਤ

| | | |
|---|---|---|
| ਨੀਤੀਆਂ ਦਾ ਸਮਰਥਨ | **ਏਸ਼ੀਅਨ ਅਮਰੀਕਨਸ ਐਡਵਾਂਸ ਜਸਟਿਸ। ਏਏਜੇਸੀ** | ਕੇ-12 ਅਤੇ ਉੱਚ ਸਿੱਖਿਆ ਸੰਬੰਧੀ ਬਿਲਾਂ ਦੀ ਕਾਨੂੰਨੀ ਪ੍ਰਕਿਰਿਆ ਦੀ ਸਥਿਤੀ ਸੰਬੰਧੀ ਜਾਣਕਾਰੀ ਦੇਣ ਵਾਲਾ ਸਰੋਤ |
| ਪਿਛੋਕੜ | **ਐਮਏਐਲਡੀਈਐਫ** (ਮੈਕਸੀਕਨ ਅਮਰੀਕਨ ਲੀਗਲ ਡਿਫ਼ੈਂਸ ਐਂਡ ਐਜੂਕੇਸ਼ਨ ਫ਼ੰਡ) | ਇਤਿਹਾਸਕ ਨਜ਼ਰੀਆ |
| ਫੈਡਰਲ ਨਿਰਦੇਸ਼ | **ਅਮਰੀਕੀ ਸਿੱਖਿਆ ਮਹਿਕਮਾ,** 1/8/2025 ਤੱਕ ਸੋਧਿਆ | ਡਿਅਰ ਕਲੀਗ ਲੈਟਰ: ਪ੍ਰਵਾਸੀ ਵਿਦਿਆਰਥੀਆਂ ਦੇ ਸਿੱਖਿਆ ਦਾ ਬਰਾਬਰ ਹੱਕ ਹਾਸਲ ਕਰਨਾ ਯਕੀਨੀ ਬਣਾਉਣ ਸੰਬੰਧੀ ਜਾਣਕਾਰੀ ਦੇ ਸਰੋਤ |
| ਸਕੂਲ ਜ਼ਿਲ੍ਹਿਆਂ ਵਾਸਤੇ | **ਕੌਮੀ ਸਕੈਂਡਰੀ ਸਕੂਲ ਪ੍ਰਿੰਸੀਪਲ ਸੰਘ (ਨੈਸ਼ਨਲ ਅਸੋਸੀਏਸ਼ਨ ਆਫ਼ ਸਕੈਂਡਰੀ ਸਕੂਲ ਪ੍ਰਿੰਸੀਪਲਜ਼**) | ਸਥਿਤੀ ਬਾਰੇ ਜਾਣਕਾਰੀ: ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀ |
| ਅਧਿਆਪਕਾਂ ਲਈ | **ਆਈਡੀਆਰਏ (ਇੰਟਰਕਲਚਰਲ ਡਵੈਲਪਮੈਂਟ ਰਿਸਰਚ ਐਸੋਸਿਏਸ਼ਨ**): ਇਨਫ਼ੋਗ੍ਰਾਫ਼ਿਕ ਅਤੇ ਪੋਸਟਰ | ਪ੍ਰਵਾਸੀ ਵਿਦਿਆਰਥੀਆਂ ਦਾ ਸਕੂਲ ਵਿੱਚ ਸੁਆਗਤ ਕਰਦਿਆਂ |
| | **ਐੱਡਵੀਕ:** ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਦੇ ਸਿੱਖਿਆ ਦੇ ਹੱਕਾਂ ਬਾਰੇ ਲੇਖ | ਵਿਸਤਾਰ ਸਹਿਤ ਜਾਣਕਾਰੀ: ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦਾ ਹੱਕ ਹੈ। ਇਹ ਹਨ ਕਾਰਨ<br><br>ਅੰਗਰੇਜ਼ੀ ਸਿੱਖਣ ਵਾਲੇ ਹਮਲੇ ਦਾ ਖ਼ਤਰਾ ਮਹਿਸੂਸ ਕਰ ਸਕਦੇ ਹਨ, ਅਧਿਆਪਕ ਡਰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। |
| ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਲਈ | **ਐਡਟਰੱਸਟ-ਟੈਨੇਸੀ:** ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਹਾਈ ਸਕੂਲ ਦੇ ਵਿਦਿਆਰਥੀਆਂ ਵਾਸਤੇ | ਬਿਨਾਂ ਨਾਗਰਿਕਤਾ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਦੀ ਜਾਣਕਾਰੀ ਲਈ ਸਰੋਤ ਦਾ ਕੇਂਦਰ |
| ਸਮਰਥਕਾਂ ਅਤੇ ਭਾਈਚਾਰੇ ਵਾਸਤੇ: | **ਐਨਆਈਐਲਸੀ** (ਨੈਸ਼ਨਲ ਇਮੀਗ੍ਰੇਸ਼ਨ ਲਾਅ ਸੈਂਟਰ): ਆਮ ਜਾਣਕਾਰੀ ਅਤੇ ਵਸੀਲੇ | ਐਨਆਈਐਲਸੀ ਦਾ ਜਾਣਕਾਰੀ ਵਾਲਾ ਪੰਨਾ |
| | **ਪਬਲਿਕ ਸਕੂਲ ਸਟਰੌਂਗ ਹੀਲ ਟੂਗੈਦਰ ਵੱਲੋਂ:** ਦੇਸ਼ ਭਰ ਵਿੱਚ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਰਕਾਰੀ ਸਕੂਲਾਂ ਦੇ ਸਮਰਥਨ ਵਿੱਚ ਚਲਾਈ ਜਾ ਰਹੀ ਮੁਹਿੰਮ | ਹਿੰਮ ਦੀ ਵੈੱਬਸਾਈਟ |